ਜ਼ਿੰਮੇਵਾਰ ਬਣੋ ਵੋਟਰ ਬਣੋ


ਦਫ਼ਤਰ ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਅੰਮ੍ਰਿਤਸਰ।

**OFFICE OF THE**

**DISTRICT ELECTION OFFICER-CUM-DEPUTY COMMISSIONER, AMRITSAR**

(Old Blood Bank Near Ram Bagh Railway Phatak, Amritsar)

Phone No. 0183-2227118 Email - electeh.amritsar@gmail.com


---

ਪੱਤਰ ਨੰਬਰ ਚੋਣ-2016/ 1508 ਮਿਤੀ :ਅੰਮ੍ਰਿਤਸਰ: 01 ਨਵੰਬਰ, 2016

ਸੇਵਾ ਵਿਖੇ,

ਸਮੂਹ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ,
ਵਿਧਾਨ ਸਭਾ ਚੋਣ ਹਲਕੇ।

ਵਿਸ਼ਾ:- ਵੋਟਰ ਸੂਚੀ ਦੀ ਸੁਧਾਈ, 2017-18-19 ਸਾਲ ਦੀ ਉਮਰ ਵਾਲੇ ਵੋਟਰਾਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਨ ਸਬੰਧੀ।

ਉਪਰੋਕਤ ਵਿਸ਼ੇ ਪੁਰ ਮੁੱਖ ਚੋਣ ਅਫ਼ਸਰ, ਪੰਜਾਬ, ਚੰਡੀਗੜ੍ਹ ਵੱਲੋਂ ਆਪਣੇ ਵੱਖ-ਵੱਖ ਪੱਤਰਾਂ ਰਾਹੀਂ ਆਦੇਸ਼ ਜਾਰੀ ਕੀਤਾ ਗਿਆ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਕੋਈ ਵੀ ਯੋਗ ਵਿਆਕਤੀ ਦੀ ਵੋਟ ਬਣਨ ਤੋਂ ਨਾਂ ਰਹਿ ਜਾਵੇ ਅਤੇ ਖਾਸ ਤੌਰ ਤੇ 18-19 ਸਾਲ ਦੀ ਉਮਰ ਵਾਲੇ ਨਾਗਰਿਕਾਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕੀਤੀ ਜਾਵੇ। ਇਸ ਸਬੰਧੀ ਵਿਸ਼ੇਸ਼ ਉਪਰਾਲੇ ਕੀਤੇ ਜਾਣ। ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲ, ਕਾਲਜਾਂ ਵਿੱਚ ਨਿਯੁਕਤ ਨੋਡਲ ਅਫ਼ਸਰ ਅਤੇ ਕੈਂਪਸ ਅੰਬੈਸਰਾਂ ਨਾਲ ਮੀਟਿੰਗ NCC ਅਤੇ NSS ਦੀ ਸਹਾਇਤਾ ਨਾਲ 18-19 ਸਾਲ ਵਾਲੇ ਨਾਗਰਿਕਾਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਨ ਲਈ ਉਹਨਾ ਪਾਸੋਂ ਫਾਰਮ ਪ੍ਰਾਪਤ ਕੀਤੇ ਜਾਣ।

2. ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਚੋਣ ਹਲਕੇ ਵਿੱਚ 18-19 ਸਾਲ ਦੀ ਉਮਰ ਵਾਲੇ ਨਾਗਰਿਕਾਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਨ ਸਬੰਧੀ ਵਿਸ਼ੇਸ਼ ਉਪਰਾਲੇ ਕਰਕੇ ਵੱਧ ਤੋਂ ਵੱਧ ਫਾਰਮ ਪ੍ਰਾਪਤ ਕੀਤੇ ਜਾਣ ਤਾਂ ਜੋ ਜਿਲ੍ਹੇ ਵਿੱਚ 18-19 ਸਾਲ ਵਾਲੇ ਵੋਟਰਾਂ ਦੇ 80 ਹਜਾਰ ਦੇ ਗੈਪ ਨੂੰ ਕਵਰ ਕੀਤਾ ਜਾ ਸਕੇ। ਆਪ ਨੂੰ 18-19 ਸਾਲ ਦੀ ਉਮਰ ਵਾਲੇ ਨਾਗਰਿਕਾਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਨ ਸਬੰਧੀ ਜਿਲ੍ਹਾ ਪੱਧਰ ਤੇ ਉਲੀਕਿਆ ਗਿਆ ਪ੍ਰੋਗਰਾਮ ਹੇਠ ਲਿਖਤ ਅਨੁਸਾਰ ਭੇਜਿਆ ਜਾਂਦਾ ਹੈ। ਇਸ ਪ੍ਰੋਗਰਾਮ ਅਨੁਸਾਰ ਸਮੇ-ਸਮੇਂ ਤੇ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ ਤਾਂ ਜੋ 18-19 ਸਾਲ ਵਾਲੇ ਵੋਟਰਾਂ ਦੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਹੋ ਸਕੇ।

1. ਵਿਧਾਨ ਸਭਾ ਚੋਣ ਹਲਕੇ ਵਿੱਚ ਪੈਂਦੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਹੈਡ ਨਾਲ ਮੀਟਿੰਗ:-

| ਵਿਧਾਨ ਸਭਾ ਚੋਣ ਹਲਕੇ ਦਾ ਨੰਬਰ ਅਤੇ ਨਾਮ | ਪਹਿਲੀ ਮੀਟਿੰਗ | ਦੂਜੀ ਮੀਟਿੰਗ | ਤੀਜੀ ਮੀਟਿੰਗ |
|---|---|---|---|
| 11-ਅਜਨਾਲਾ | 07.11.2016 | 15.11.2016 | 22.11.2016 |
| 12-ਰਾਜਾ ਸਾਂਸੀ | 07.11.2016 | 15.11.2016 | 22.11.2016 |
| 13-ਮਜੀਠਾ | 07.11.2016 | 15.11.2016 | 22.11.2016 |
| 14-ਜੰਡਿਆਲਾ (ਅ.ਜ.) | 07.11.2016 | 15.11.2016 | 22.11.2016 |
| 15-ਅੰਮ੍ਰਿਤਸਰ ਉੱਤਰੀ | 08.11.2016 | 16.11.2016 | 27.11.2016 |
| 16-ਅੰਮ੍ਰਿਤਸਰ ਪੱਛਮੀ (ਅ.ਜ.) | 08.11.2016 | 16.11.2016 | 27.11.2016 |
| 17-ਅੰਮ੍ਰਿਤਸਰ ਕੇਂਦਰੀ | 08.11.2016 | 16.11.2016 | 27.11.2016 |
| 18-ਅੰਮ੍ਰਿਤਸਰ ਪੂਰਬੀ | 08.11.2016 | 16.11.2016 | 27.11.2016 |
| 19-ਅੰਮ੍ਰਿਤਸਰ ਦੱਖਣੀ | 08.11.2016 | 16.11.2016 | 27.11.2016 |
| 20-ਅਟਾਰੀ (ਅ.ਜ.) | 07.11.2016 | 15.11.2016 | 22.11.2016 |
| 25-ਬਾਬਾ ਬਕਾਲਾ (ਅ.ਜ.) | 07.11.2016 | 15.11.2016 | 22.11.2016 |

2. ਵਿਧਾਨ ਸਭਾ ਚੋਣ ਹਲਕੇ ਵਿੱਚ ਪੈਂਦੇ ਵੱਖ-ਵੱਖ ਕਾਲਜਾਂ ਵਿੱਚ ਨਿਯੁਕਤ ਨੋਡਲ ਅਫ਼ਸਰ, ਕੈਂਪਸ ਅੰਬੈਸਟਰਾਂ ਨਾਲ ਮੀਟਿੰਗ।

ਜਿੰਮੇਵਾਰ ਬਣੋ ਵੋਟਰ ਬਣੋ

# ਦਫ਼ਤਰ ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਅੰਮ੍ਰਿਤਸਰ।

## OFFICE OF THE DISTRICT ELECTION OFFICER-CUM-DEPUTY COMMISSIONER, AMRITSAR

(Old Blood Bank Near Ram Bagh Railway Phatak, Amritsar)
Phone No. 0183-2227118 Email - electeh.amritsar@gmail.com

| ਵਿਧਾਨ ਸਭਾ ਚੋਣ ਹਲਕੇ ਦਾ ਨੰਬਰ ਅਤੇ ਨਾਮ | ਪਹਿਲੀ ਮੀਟਿੰਗ | ਦੂਜੀ ਮੀਟਿੰਗ | ਤੀਜੀ ਮੀਟਿੰਗ |
|---|---|---|---|
| 11-ਅਜਨਾਲਾ | 11.11.2016 | 18.11.2016 | 25.11.2016 |
| 12-ਰਾਜਾ ਸਾਂਸੀ | 11.11.2016 | 18.11.2016 | 25.11.2016 |
| 13-ਮਜੀਠਾ | 11.11.2016 | 18.11.2016 | 25.11.2016 |
| 14-ਜੰਡਿਆਲਾ (ਅ.ਜ.) | 11.11.2016 | 18.11.2016 | 25.11.2016 |
| 15-ਅੰਮ੍ਰਿਤਸਰ ਉੱਤਰੀ | 15.11.2016 | 22.11.2016 | 30.11.2016 |
| 16-ਅੰਮ੍ਰਿਤਸਰ ਪੱਛਮੀ (ਅ.ਜ.) | 15.11.2016 | 22.11.2016 | 30.11.2016 |
| 17-ਅੰਮ੍ਰਿਤਸਰ ਕੇਂਦਰੀ | 15.11.2016 | 22.11.2016 | 30.11.2016 |
| 18-ਅੰਮ੍ਰਿਤਸਰ ਪੂਰਬੀ | 15.11.2016 | 22.11.2016 | 30.11.2016 |
| 19-ਅੰਮ੍ਰਿਤਸਰ ਦੱਖਣੀ | 15.11.2016 | 22.11.2016 | 30.11.2016 |
| 20-ਅਟਾਰੀ (ਅ.ਜ.) | 11.11.2016 | 18.11.2016 | 25.11.2016 |
| 25-ਬਾਬਾ ਬਕਾਲਾ (ਅ.ਜ.) | 11.11.2016 | 18.11.2016 | 25.11.2016 |

3. ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪਹਿਲੀ ਮੀਟਿੰਗ ਦੌਰਾਨ ਕਾਲਜਾਂ ਦੇ ਨੋਡਲ ਅਫ਼ਸਰ ਅਤੇ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਸੂਚਿਤ ਕੀਤਾ ਜਾਵੇ ਕਿ ਇਹ ਯਕੀਨੀ ਬਣਾਉਣ ਕੇ ਉਹਨਾ ਦੇ ਸਕੂਲ/ਸੰਸਥਾ ਵਿੱਚ ਪੜਦੇ ਕਿਸੇ ਵੀ ਵਿੱਦਿਆਰਥੀ/ਵਿੱਦਿਆਰਥਣਾ ਦੀ ਵੋਟ ਬਣਨ ਤੋਂ ਨਾ ਰਹੇ। ਇਸ ਲਈ ਜੇਕਰ ਕਿਸੇ ਵਿੱਦਿਆਰਥੀ ਦੀ ਵੋਟ ਬਣਨ ਤੋਂ ਰਹਿ ਗਈ ਹੈ ਜਾਂ ਉਸ ਵੱਲੋਂ ਇਸ ਸੁਧਾਈ ਦੌਰਾਨ ਫਾਰਮ ਨੰਬਰ 6 ਪੁਰ ਕਰਕੇ ਨਹੀਂ ਦਿੱਤਾ ਉਸ ਪਾਸੋਂ ਫਾਰਮ 6 ਪੁਰ ਕਰਵਾ ਕੇ ਦੂਜੀ ਮੀਟਿੰਗ ਵਿੱਚ ਜਮਾਂ ਕਰਵਾਏ ਜਾਣ।

4. ਉਸ ਉਪਰੰਤ ਦੂਜੀ ਮੀਟਿੰਗ ਦੌਰਾਨ ਕਾਲਜਾਂ/ਸਕੂਲਾਂ ਦੇ ਮੁੱਖੀਆਂ ਪਾਸੋਂ ਫਾਰਮ ਇਕੱਤਰ ਕੀਤੇ ਜਾਣ ਅਤੇ ਈ.ਆਰ.ਐਮ.ਐਸ. ਵਿੱਚ ਐਂਟਰੀ ਕਰਵਾਈ ਜਾਵੇ। ਇਸ ਉਪਰੰਤ ਮੁੱਖੀਆਂ ਨੂੰ ਇੱਕ ਹੋਰ ਮੌਕਾ ਦਿੱਤਾ ਜਾਵੇ ਕਿ ਜੇਕਰ ਫਿਰ ਵੀ ਕੋਈ ਵਿੱਦਿਆਰਥੀ ਵੋਟ ਬਣਨ ਤੋਂ ਰਹਿ ਗਿਆ ਹੋਵੇ ਤਾਂ ਉਸ ਪਾਸੋਂ ਫਾਰਮ ਪੁਰ ਕਰਵਾ ਕੇ ਤੀਜੀ ਮੀਟਿੰਗ ਦੋਰਾਨ ਜਮਾਂ ਕਰਵਾਏ ਜਾਣ। ਇਹ ਯਕੀਨੀ ਬਣਾਇਆ ਜਾਵੇ ਕਿ ਇਸ ਉਪਰੰਤ ਆਪ ਦੇ ਸਕੂਲ/ਸੰਸਥਾ ਵਿੱਚ ਕੋਈ ਵੀ ਵਿੱਦਿਆਰਥੀ ਅਜਿਹਾ ਨਹੀਂ ਹੋਣਾਂ ਚਾਹੀਦਾ ਹੈ ਜਿਸ ਦੀ ਵੋਟ ਨਾ ਬਣੀ ਹੋਵੇ ਜਾਂ ਜਿਸ ਦੀ ਵੋਟ ਨਹੀਂ ਬਣੀ ਉਸ ਵੱਲੋਂ ਫਾਰਮ 6 ਪੁਰ ਨਾ ਕੀਤਾ ਗਿਆ ਹੋਵੇ। ਇਸ ਸਬੰਧੀ ਸਕੂਲ/ਸੰਸਥਾ ਦੇ ਮੁੱਖ ਵੱਲੋਂ ਤੀਸਰੀ ਮੀਟਿੰਗ ਦੌਰਾਨ ਇਹ ਸਰਟੀਫਿਕੇਟ ਵੀ ਲਿਆ ਜਾ ਸਕਦਾ ਹੈ ਜਿਸ ਵਿੱਚ ਉਹ ਸਪੱਸ਼ਟ ਕਰੇਗਾ ਕਿ ਉਸ ਸਕੂਲ/ਸੰਸਥਾ ਵਿੱਚ ਕੋਈ ਅਜਿਹਾ ਵਿੱਦਿਆਰਥੀ ਨਹੀਂ ਹੈ ਜਿਸ ਦੀ ਵੋਟ ਬਣਨ ਤੋਂ ਰਹਿ ਗਈ ਹੋਵੇ।

ਵਾਸਤੇ ਜਿਲ੍ਹਾ ਚੋਣ ਅਫ਼ਸਰ
ਅੰਮ੍ਰਿਤਸਰ।

ਪਿੱਠ ਅੰਕਣ ਨੰਬਰ ਚੋਣ-2016/ 1509

ਮਿਤੀ :ਅੰਮ੍ਰਿਤਸਰ: 01 ਨਵੰਬਰ, 2016

ਇਸ ਦਾ ਇੱਕ ਉਤਾਰਾ:

1. ਪੀ.ਟੂ. ਡੀ.ਸੀ. ਨੂੰ ਮਾਨਯੋਗ ਡੀ.ਸੀ.ਸਾਹਿਬ ਜੀ ਦੀ ਜਾਣਕਾਰੀ ਹਿੱਤ
2. ਜਿਲ੍ਹੇ ਦੇ ਸਮੂਹ ਕਾਲਜਾਂ ਨੂੰ ਬਾਕੀ ਰਹਿੰਦੇ ਵਿੱਦਿਆਰਥੀਆਂ/ਵਿੱਦਿਆਰਥਣਾਂ ਪਾਸੋਂ ਫਾਰਮ ਪੁਰ ਕਰਵਾ ਕੇ ਜਮਾਂ ਕਰਵਾਉਣ ਹਿੱਤ।
3. ਪ੍ਰਿੰਸੀਪਲ ਸਮੂਹ ਸੀਨੀਅਰ ਸੈਕੰਡਰੀ ਸਕੂਲ ਜਿਲ੍ਹਾ ਅੰਮ੍ਰਿਤਸਰ।

ਵਾਸਤੇ ਜਿਲ੍ਹਾ ਚੋਣ ਅਫ਼ਸਰ
ਅੰਮ੍ਰਿਤਸਰ।